ਪਾਠ : 20

## ਸੱਤ ਡਾਕਟਰ (ਲੇਖਕ : ਗੁਰਬਚਨ ਸਿੰਘ ਭੁੱਲਰ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਸੁਖਜੋਤ ਨੇ ਜਦੋਂ ਟੈਲੀਵੀਜ਼ਨ ਲਾਇਆ, ਤਾਂ ਕਿਹੜਾ ਪ੍ਰੋਗਰਾਮ ਆ ਰਿਹਾ ਸੀ ਤੇ ਉਸ ਵਿਚ ਕੀ ਦੱਸਿਆ ਜਾ ਰਿਹਾ ਸੀ?**

ਉੱਤਰ : ਟੈਲੀਵੀਜ਼ਨਨ ਉੱਤੇ 'ਧਰਤੀ ਸਾਡਾ ਘਰ' ਪ੍ਰੋਗਰਾਮ ਆ ਰਿਹਾ ਸੀ, ਜਿਸ ਵਿੱਚ ਧਰਤੀ ਦੇ ਗਰਮ ਹੋਣ ਕਾਰਨ ਧਰਤੀ ਉੱਤਲੇ ਜੀਵਾਂ ਲਈ ਪੈਦਾ ਹੋ ਰਹੇ ਖ਼ਤਰੇ ਤੇ ਇਸ ਦੇ ਕਾਰਨਾਂ ਬਾਰੇ ਦੱਸਿਆ ਜਾ ਰਿਹਾ ਸੀ।

**ਪ੍ਰਸ਼ਨ ਅ. ਗਿਆਨ ਵਲੋਂ ਦੱਸੇ ਟੀ.ਵੀ. ਚੈਨਲ ਨੂੰ ਦੇਖਣ ਉਪਰੰਤ ਸੁਖਜੋਤ ਨੂੰ ਡਰ ਕਿਉਂ ਲੱਗਣ ਲੱਗ ਪਿਆ?**

ਉੱਤਰ : ਟੀ.ਵੀ. ਚੈਨਲ ਉੱਤੇ ਧਰਤੀ ਗਰਮ ਹੋਣ ਦੀ ਗੱਲ ਸੁਣ ਕੇ ਸੁਖਜੋਤ ਇਹ ਸੋਚ ਕੇ ਡਰ ਗਿਆ ਕਿ ਉਹ ਗਰਮ ਧਰਤੀ ਉੱਤੇ ਰਹਿਣਗੇ ਕਿਵੇਂ ਤੇ ਉਸ ਉੱਤੇ ਚੱਲਣਗੇ ਕਿਵੇਂ।

**ਪ੍ਰਸ਼ਨ ੲ. ਟੈਲੀਵੀਜ਼ਨ ਉੱਤੇ ਜਾਣਕਾਰੀ ਦੇਣ ਵਾਲਾ ਆਦਮੀ ਧਰਤੀ ਅਤੇ ਬਿਰਖਾਂ ਦੇ ਸੰਬੰਧਾਂ ਬਾਰੇ ਕੀ-ਕੀ ਜਾਣਕਾਰੀ ਦੇ ਰਿਹਾ ਸੀ?**

ਉੱਤਰ : ਟੈਲੀਵੀਜ਼ਨ ਉੱਤੇ ਆਦਮੀ ਦੱਸ ਰਿਹਾ ਸੀ ਕਿ ਧਰਤੀ ਗਰਮ ਹੋਣ ਲਈ ਮਨੁੱਖ ਜ਼ੁੰਮੇਵਾਰ ਹੈ। ਜਵਾ ਸਾਫ਼ ਕਰ ਕੇ ਧਰਤੀ ਦੇ ਤਾਪਮਾਨ ਨੂੰ ਘੱਟ ਕਰਨ ਵਾਲ਼ੇ ਰੁੱਖਾਂ ਨੂੰ ਮਨੁੱਖ ਆਪਣੀਆਂ ਲੋੜਾਂ ਲਈ ਅੰਨ੍ਹੇਵਾਹ ਵੱਢ ਰਿਹਾ ਹੈ। ਇਸ ਕਰਕੇ ਵਾਤਾਵਰਨ ਦੇ ਸੰਤੁਲਨ ਲਈ ਧਰਤੀ ਤੇ ਰੁੱਖਾਂ ਦਾ ਡੂੰਘਾ ਆਪਸੀ ਸੰਬੰਧ ਹੈ ।

**ਪ੍ਰਸ਼ਨ ਸ. ਦੱਸੋ ਧਰਤੀ ਗਰਮ ਹੋਣ ਦੇ ਕੀ ਕਾਰਨ ਹਨ?**

ਉੱਤਰ : ਮੋਟਰਾਂ-ਗੱਡੀਆਂ, ਮਸ਼ੀਨਾਂ ਤੇ ਭੱਠੀਆਂ ਵਿੱਚੋਂ ਨਿਕਲਦੀਆਂ ਗੈਸਾਂ ਨਾਲ਼ ਧਰਤੀ ਗਰਮ ਹੁੰਦੀ ਹੈ।

**ਪ੍ਰਸ਼ਨ ਹ. ਹਰਮੀਤੀ ਦੇ ਘਰ ਆਏ ਡਾ: ਮਹਿਮਾਨ ਨੇ ਬਿਰਖ ਬੂਟਿਆਂ ਬਾਰੇ ਵੀ ਦੱਸਿਆ?**

ਉੱਤਰ : ਮਹਿਮਾਨ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਜਿੰਨੀ ਕਾਰਬਨ-ਡਾਈਆਕਸਾਈਡ ਸਾਹ ਨਾਲ ਪੈਦਾ ਕਰਦਾ ਹੈ, ਉਨਾਂ ਘਰ ਲੱਗੇ ਰੁੱਖ ਉਸ ਨੂੰ ਸੋਖ ਕਰ ਕੇ ਆਕਸੀਜਨ ਛੱਡ ਦਿੰਦੇ ਹਨ।

**ਪ੍ਰਸ਼ਨ ਕ. ਜੇਕਰ ਮਨੁੱਖ ਨੇ ਧਰਤੀ ਨੂੰ ਗਰਮ ਹੋਣੋਂ ਨਾ ਰੋਕਿਆ, ਤਾਂ ਇਸ ਦੇ ਕੀ ਨੁਕਸਾਨ ਹੋਣਗੇ?**

ਉੱਤਰ : ਜੇਕਰ ਮਨੁੱਖ ਨੇ ਧਰਤੀ ਨੂੰ ਗਰਮ ਹੋਣੋਂ ਨਾ ਰੋਕਿਆ, ਤਾਂ ਧਰੁਵਾਂ ਦੀ ਬਰਫ਼ ਪਿਘਲ ਕੇ ਪਾਣੀ ਬਣ ਜਾਵੇਗੀ, ਜਿਸ ਵਿੱਚ ਸ਼ਹਿਰ ਅਤੇ ਪਿੰਡ ਡੁੱਬ ਜਾਣਗੇ।

**ਪ੍ਰਸ਼ਨ ਖ. ਸੱਤ ਡਾਕਟਰ ਕੌਣ ਹਨ? ਸੁਖਜੋਤ ਇਨ੍ਹਾਂ ਨੂੰ ਆਪਣੇ ਘਰ ਕਿਵੇਂ ਲਿਆਇਆ?**

ਉੱਤਰ : ਸੱਤ ਡਾਕਟਰ ਨਿੰਮ ਦੇ ਬਿਰਖ ਹਨ। ਸੁਖਜੋਤ ਖੇਤਾਂ ਵਿਚੋਂ ਇਨ੍ਹਾਂ ਦੀਆਂ ਚੱਕਲੀਆਂ ਕੱਢ ਕੇ ਘਰ ਲਿਆਇਆ।

**ਪ੍ਰਸ਼ਨ ਗ. ਨਿੰਮ ਦੇ ਬਿਰਖ ਦੇ ਗੁਣ ਦੱਸੋ।**

ਉੱਤਰ : ਨਿੰਮ ਦਾ ਰੁੱਖ ਹੋਰ ਸਾਰੇ ਬਿਰਖਾ ਤੋਂ ਚੰਗਾ ਅਤੇ ਗੁਣਕਾਰੀ ਹੈ। ਇਹ ਹਵਾ ਨੂੰ ਸਾਫ਼ ਕਰਦਾ ਹੈ। ਨਿੰਮ ਦਾ ਰਸ ਖ਼ੂਨ ਨੂੰ ਸਾਫ਼ ਕਰਦਾ ਤੇ ਹੋਰ ਬਹੁਤ ਸਾਰੇ ਰੋਗਾਂ ਨੂੰ ਦੂਰ ਕਰਦਾ ਹੈ।

### 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ :

1. **ਪ੍ਰੋਗ੍ਰਾਮ (ਪ੍ਰਸਾਰਨ)–** ਟੈਲੀਵੀਜ਼ਨਨ ਉੱਤੇ 'ਧਰਤੀ ਸਾਡਾ ਘਰ' ਪ੍ਰੋਗਰਾਮ ਆ ਰਿਹਾ ਸੀ।
2. **ਦਿਲਸਚਪ (ਸੁਆਦਲੀ)–** ਟੀ.ਵੀ. 'ਤੇ ਆਦਮੀ ਬੜੀਆਂ ਦਿਲਚਸਪ ਗੱਲਾਂ ਦੱਸ ਰਿਹਾ ਸੀ।
3. **ਹਾਣੀ (ਬਰਾਬਰ ਦੀ ਉਮਰ ਦਾ)–** ਮੈਂ ਆਪਣੇ ਹਾਣੀਆਂ ਨਾਲ਼ ਖੇਡਦਾ ਹਾਂ।
4. **ਅੰਨ੍ਹੇਵਾਹ (ਬਿਨਹਾਂ ਸੋਚੇ-ਸਮਝੇ)–** ਮਨੁੱਖ ਵੱਲੋਂ ਅੰਨ੍ਹੇਵਾਹ ਰੁੱਖਾਂ ਦੀ ਕਟਾਈ ਹੋ ਰਹੀ ਹੈ।
5. **ਮਹਿਮਾਨ (ਪ੍ਰਾਹੁਣਾ)–** ਸਾਡੇ ਘਰ ਅੱਜ ਮਹਿਮਾਨ ਆ ਰਹੇ ਹਨ।
6. **ਗੁਣਕਾਰੀ (ਲਾਭਦਾਇਕ)–** ਨਿੰਮ ਦਾ ਰੁੱਖ ਬਹੁਤ ਗੁਣਕਰੀ ਹੈ।
7. **ਸਿਰ ਪਲ਼ੋਸਣਾ (ਪਿਆਰ ਕਰਨਾ)–** ਸਾਡੇ ਘਰ ਆਏ ਮਹਿਮਾਨ ਨੇ ਮੇਰਾ ਸਿਰ ਪਲੋਸਿਆ।

### 2. ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ :

**ੳ. "ਆਪਾਂ ਇਹ ਸੱਤ ਨਿੰਮ ਇਸ ਵੱਡੇ ਵਿਹੜੇ ਵਿਚ ਲਾਉਣੇ ਹਨ।"**

ਇਹ ਸ਼ਬਦ ਸੁਖਜੋਤ ਨੇ ਆਪਣੇ ਦਾਦਾ ਜੀ ਨੂੰ ਕਹੇ।

**ਅ. "ਵਾਹ! ਬਈ ਵਾਹ! ਮੇਰਾ ਬੱਚਾ ਕਿੰਨਾ ਸਿਆਣਾ ਹੋ ਗਿਆ ਹੈ।"**

ਇਹ ਸ਼ਬਦ ਦਾਦਾ ਜੀ ਨੇ ਸੁਖਜੋਤ ਨੂੰ ਕਹੇ।

**ੲ. "ਨਹੀਂ ਦਾਦਾ ਜੀ, ਵੱਧ ਸਿਆਣੇ ਤਾਂ ਤੁਸੀਂ ਹੀ ਹੋ। ਤੁਸੀਂ ਵੱਡੇ ਹੋ। ਮੈਨੂੰ ਪੁਸਤਕਾਂ ਤੇ ਟੈਲੀਵੀਜ਼ਨ ਤੋਂ ਨਵੀਆਂ ਗੱਲਾਂ ਦਾ ਪਤਾ ਲਗਦਾ ਰਹਿੰਦਾ ਹੈ।"**

ਇਹ ਸ਼ਬਦ ਸੁਖਜੋਤ ਨੇ ਦਾਦਾ ਜੀ ਨੂੰ ਕਹੇ।

**ਹ. "ਨਿੰਮ ਬਹੁਤ ਗੁਣਕਾਰੀ ਹੈ। ਇਸ ਦੀ ਰੀਸ ਹੋਰ ਕੋਈ ਬਿਰਖ ਨਹੀਂ ਕਰ ਸਕਦਾ।"**

ਇਹ ਸ਼ਬਦ ਸੁਖਜੋਤ ਨੇ ਬਾਬਾ ਜੀ ਨੂੰ ਕਹੇ।

3. **ਵਿਸਮਿਕ :** ਉਹ ਸ਼ਬਦ ਜੋ ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਭਾਵਾਂ ਨੂੰ ਪ੍ਰਗਟ ਕਰਨ, ਵਿਸਮਿਕ ਅਖਵਾਉਂਦੇ ਹਨ, ਜਿਵੇਂ ਹੈਂ, ਵਾਹ-ਵਾਹ, ਅਸ਼ਕੇ, ਬੱਲੇ-ਬੱਲੇ, ਸ਼ਾਬਾਸ਼ ਆਦਿ।

## 4. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :

ਸੁਖਜੋਤ ਨੂੰ ਡਰ ਲੱਗਿਆ। ਜੇ ਧਰਤੀ ਗਰਮ ਹੋ ਗਈ ਤਾਂ ਇਸ ਉੱਤੇ ਰਹਾਂਗੇ ਕਿਵੇਂ? ਇਸ ਉੱਤੇ ਤੁਰਾਂਗੇ ਕਿਵੇਂ? ਜੇ ਕਦੀ ਗਰਮੀਆਂ ਦੀ ਰੁੱਤ ਵਿੱਚ ਉਸ ਦੇ ਨੰਗੇ ਪੈਰ ਧੁੱਪ ਵਿੱਚ ਟਿਕ ਜਾਂਦੇ, ਉਹ ਮੱਚਣ ਲੱਗਦੇ। ਉਹ ਭੱਜ ਕੇ ਛਾਵੇਂ ਹੋ ਜਾਂਦਾ। ਹੁਣ ਉਹ ਆਦਮੀ ਹੋਰ ਹੀ ਗੱਲ ਦੱਸ ਰਿਹਾ ਸੀ। ਕੀ ਧੁੱਪ, ਕੀ ਛਾਂ, ਸਾਰੀ ਹੀ ਧਰਤੀ ਗਰਮ ਹੋ ਰਹੀ ਸੀ। ਉਸ ਨੇ ਡਰ ਕੇ ਭੁੰਜੇ ਹੱਥ ਲਾਇਆ। ਧਰਤੀ ਅਜੇ ਠੀਕ ਹੀ ਸੀ। ਉਸ ਨੇ ਇਹ ਜਾਣਨਾ ਚਾਹਿਆ, ਇਹ ਕਦੋਂ ਅਤੇ ਕਿਵੇਂ ਗਰਮ ਹੋਵੇਗੀ? ਉਹ ਇਹ ਵੀ ਦੇਖਣਾ ਚਾਹੁੰਦਾ ਸੀ ਕਿ ਮਨੁੱਖ ਕੀ ਕਰੇਗਾ? ਕੀ ਉਹ ਆਦਮੀ ਇਹ ਵੀ ਦੱਸੇਗਾ ਕਿ ਧਰਤੀ ਨੂੰ ਗਰਮ ਹੋਣ ਤੋਂ ਕਿਵੇਂ ਰੋਕਿਆ ਜਾਵੇ?

**1. ਸੁਖਜੋਤ ਕਿਹੜੀ ਗੱਲੋਂ ਡਰ ਗਿਆ ਸੀ ?**

ੳ. ਗਰਮ ਧਰਤੀ 'ਤੇ ਨੰਗੇ ਪੈਰ ਤੁਰਨ ਤੋਂ    ਅ. ਗਰਮੀ ਦੀ ਰੁੱਤ ਤੋਂ
ੲ. ਧਰਤੀ ਗਰਮ ਹੋਣ ਤੋਂ    ਸ. ੳ, ਅ, ੲ ਸਾਰੇ ਠੀਕ

**2. ਇਸ ਉੱਤੇ ਤੁਰਾਂਗੇ ਕਿਵੇਂ? ਵਾਕ ਦੇ ਅੰਤ ਵਿੱਚ ਕਿਹੜਾ ਵਿਸਰਾਮ ਚਿੰਨ੍ਹ ਲੱਗਾ ਹੈ?**

ੳ. ਡੰਡੀ    ਅ. ਪ੍ਰਸ਼ਨ ਚਿੰਨ੍ਹ    ੲ. ਵਿਸਮਕ ਚਿੰਨ੍ਹ    ਸ. ੳ, ਅ, ੲ ਸਾਰੇ ਗ਼ਲਤ

**3. ਉਹ ਭੱਜ ਕੇ ਛਾਵੇਂ ਹੋ ਜਾਂਦਾ। ਵਾਕ ਵਿੱਚ 'ਉਹ' ਸ਼ਬਦ ਕੀ ਹੈ ?**

ੳ. ਨਾਂਵ    ਅ. ਪੜਨਾਂਵ    ੲ. ਕਿਰਿਆ    ਸ. ਵਿਸ਼ੇਸ਼ਣ

**4. ਉਸ ਨੇ ਡਰ ਕੇ ਭੁੰਜੇ ਹੱਥ ਲਾਇਆ।'ਭੁੰਜੇ' ਦਾ ਕੀ ਅਰਥ ਹੈ?**

ੳ. ਧਰਤੀ    ਅ. ਸਰੀਰ    ੲ. ਪਾਣੀ    ਸ. ੳ, ਅ, ੲ ਸਾਰੇ ਠੀਕ

**5. ਧਰਤੀ ਗਰਮ ਹੋਣ ਦੀ ਗੱਲ ਸੁਖਜੋਤ ਨੂੰ ਕਿੱਥੋਂ ਪਤਾ ਲੱਗੀ?**

ੳ. ਪੜ੍ਹ ਕੇ    ਅ. ਸੁਣ ਕੇ    ੲ. ਸੁਪਨੇ ਤੋਂ    ਸ. ੳ, ਅ, ੲ ਸਾਰੇ ਗ਼ਲਤ

**6. ਸਹੀ/ਗ਼ਲਤ**

ੳ. ਧਰਤੀ ਦਿਨੋ-ਦਿਨ ਠੰਡੀ ਹੁੰਦੀ ਜਾ ਰਹੀ ਹੈ। (ਠੀਕ/ਗ਼ਲਤ)
ਅ. ਸੁਖਜੋਤ ਨੂੰ ਧਰਤੀ ਬਾਰੇ ਸੁਪਨਾ ਆਇਆ। (ਠੀਕ/ਗ਼ਲਤ)

**7. ਵਚਨ ਬਦਲੋ :**

ੳ. ਗਰਮੀ    ਅ. ਧਰਤੀ

**8. 'ਅੰਨ੍ਹੇਵਾਹ' ਸ਼ਬਦ ਦਾ ਵਾਕ ਬਣਾਓ:**

## ਉੱਤਰ ਕੁੰਜੀ

1. ਸ. ੳ, ਅ, ੲ ਸਾਰੇ ਠੀਕ
2. ਅ. ਪ੍ਰਸ਼ਨ ਚਿੰਨ੍ਹ
3. ਅ. ਪੜਨਾਂਵ
4. ੳ. ਧਰਤੀ
5. ਅ. ਸੁਣ ਕੇ
6. ੳ. ਗ਼ਲਤ    ਅ. ਗ਼ਲਤ
7. ੳ. ਗਰਮੀਆਂ    ਅ. ਧਰਤੀਆਂ

8. ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਧਰਤੀ ਗਰਮ ਹੋ ਰਹੀ ਹੈ।

## 5. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :

ਟੈਲੀਵੀਜ਼ਨ ਵਾਲ਼ਾ ਆਦਮੀ ਦੱਸ ਰਿਹਾ ਸੀ ਕਿ ਧਰਤੀ ਦੇ ਗਰਮ ਹੋਣ ਦੇ ਕਈ ਕਾਰਨ ਹਨ -- ਮਸ਼ੀਨਾਂ ਚੱਲਦੀਆਂ ਹਨ, ਮੋਟਰ-ਗੱਡੀਆਂ ਚੱਲਦੀਆਂ, ਕਾਰਖ਼ਾਨੇ ਚੱਲਦੇ ਹਨ ਤੇ ਭੱਠੀਆਂ ਵਿਚ ਕੋਲਾ ਮੱਚਦਾ ਹੈ। ਇਹ ਸਭ ਗੈਸਾਂ ਹਵਾ ਵਿੱਚ ਰਲ਼ਦੀਆਂ ਰਹਿੰਦੀਆਂ ਹਨ ਹਵਾ ਗੰਦੀ ਹੁੰਦੀ ਜਾਂਦੀ ਹੈ। ਉਸ ਦਾ ਤਾਪਮਾਨ ਵਧਦਾ ਹੈ। ਇਸ ਨੁਕਸਾਨ ਨੂੰ ਬਿਰਖ ਠੀਕ ਕਰਦੇ ਹਨ। ਪਰ ਬਿਰਖ ਕੱਟੇ ਜਾ ਰਹੇ ਹਨ। ਸੁਖਜੋਤ ਨੇ ਪੜ੍ਹਿਆ ਸੀ ਕਿ ਬਿਰਖ ਕਾਰਬਨ-ਡਾਈਆਕਸਾਈਡ ਖਾਂਦੇ ਹਨ ਅਤੇ ਆਕਸੀਜਨ ਗੈਸ ਛੱਡਦੇ ਹਨ ਪਰ ਉਹਨੇ ਇਸ ਨੂੰ ਏਨੀ ਵੱਡੀ ਗੱਲ ਨਹੀਂ ਸੀ ਜਾਣਿਆ। ਹੁਣ ਉਹਨੂੰ ਪਤਾ ਲੱਗਿਆ ਕਿ ਹਰ ਇੱਕ ਬਿਰਖ ਹਾਨੀਕਾਰਕ ਕਾਰਬਨ-ਡਾਈਆਕਸਾਈਡ ਗੈਸ ਖਿੱਚ ਕੇ ਲਾਭਦਾਇਕ ਆਕਸੀਜਨ ਗੈਸ ਕਿੰਨੀ ਵੱਡੀ ਮਾਤਰਾ ਵਿਚ ਸਾਨੂੰ ਦਿੰਦਾ ਹੈ, ਨਾਲ਼ ਹੀ ਤਾਪਮਾਨ ਵੀ ਘਟਦਾ ਹੈ।

**1. ਬਿਰਖ ਕੀ ਖਾਂਦੇ ਹਨ?**

ੳ. ਆਕਸੀਜਨ ਅ. ਕਾਰਖ਼ਾਨੇ ੲ. ਕਾਰਬਨ-ਡਾਈਆਕਸਾਈਡ ਸ. ਮੋਟਰ-ਗੱਡੀਆਂ

**2. ਧਰਤੀ ਗਰਮ ਹੋਣ ਦੇ ਕੀ ਕਾਰਨ ਹਨ?**

ੳ. ਕਾਰਖ਼ਾਨੇ ਚੱਲਦੇ ਹਨ। ਅ. ਭੱਠੀਆਂ ਵਿੱਚ ਕੋਲਾ ਮੱਚਦਾ ਹੈ।
ੲ. ਮੋਟਰ-ਗੱਡੀਆਂ ਚੱਲਦੀਆਂ ਹਨ। ਸ. ਉਪਰੋਕਤ ਸਾਰੇ

**3. ਖ਼ਾਲੀ ਥਾਂ ਭਰੋ-**

ੳ. ਵੱਧ ਰੁੱਖ ਲਗਾਉਣ ਨਾਲ ਤਾਪਮਾਨ ............... ਹੈ।
ਅ. ਧਰਤੀ ਦੇ ਗਰਮ ਹੋਣ ਦੇ ......... ਕਾਰਨ ਹਨ।

**4. ਸਹੀ ਜਾਂ ਗ਼ਲਤ ਦਾ ਨਿਸ਼ਾਨ ਲਗਾਓ :**

ੳ. ਬਿਰਖ ਕੱਟੇ ਜਾਣ ਨਾਲ ਧਰਤੀ ਨੂੰ ਫ਼ਾਇਦਾ ਹੁੰਦਾ ਹੈ। (ਠੀਕ/ਗ਼ਲਤ)
ਅ. ਬਿਰਖ ਆਕਸੀਜਨ ਗੈਸ ਖਿੱਚ ਲੈਂਦੇ ਹਨ। (ਠੀਕ/ਗ਼ਲਤ)
ੲ. ਬਿਰਖ ਧਰਤੀ ਦਾ ਤਾਪਮਾਨ ਘਟਾਉਂਦੇ ਹਨ। (ਠੀਕ/ਗ਼ਲਤ)

**5. ਮਿਲ਼ਾਨ ਕਰੋ :-**

ੳ. ਤਾਪਮਾਨ ਦਾ ਵਧਣਾ 1. ਰੁੱਖ ਲਗਾਉਣਾ
ਅ. ਤਾਪਮਾਨ ਦਾ ਘਟਣਾ 2. ਕਾਰਬਨ-ਡਾਈਆਕਸਾਈਡ

**6. 'ਹਾਨੀਕਾਰਕ' ਦਾ ਵਿਰੋਧੀ ਸ਼ਬਦ ਲਿਖੋ।**

**7. ਵਚਨ ਬਦਲੋ :**

ਬ. ਕਾਰਖ਼ਾਨੇ ਅ. ਗੈਸ

**8. 'ਨੁਕਸਾਨ' ਸ਼ਬਦ ਦਾ ਵਾਕ ਬਣਾਓ:**

## ਉੱਤਰ ਕੁੰਜੀ

1. ਕਾਰਬਨ-ਡਾਈਆਕਸਾਈਡ
2. ਉਪਰੋਕਤ ਸਾਰੇ
3. ੳ. ਘਟਦਾ ਅ. ਕਈ
4. ੳ. ਗ਼ਲਤ ਅ. ਗ਼ਲਤ ੲ. ਠੀਕ
5. ੳ = 2 ਅ = 1
6. ਲਾਭਦਾਇਕ
7. ੳ. ਕਾਰਖ਼ਾਨਾ ਅ. ਗੈਸਾਂ
8. ਧਰਤੀ ਦੇ ਨੁਕਸਾਨ ਨੂੰ ਬਿਰਖ ਠੀਕ ਕਰਦੇ ਹਨ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ ਡੀ.ਐੱਮ. ਪੰਜਾਬੀ)**
**ਸਕੂਲ ਸਿੱਖਿਆ ਵਿਭਾਗ ਪੰਜਾਬ।**

## ਪਾਠ : 21

## ਪੁਲਾੜ ਪਰੀ : ਸੁਨੀਤਾ ਵਿਲੀਅਮਜ਼ (ਲੇਖਕ : ਡਾ. ਕੁਲਦੀਪ ਸਿੰਘ ਧੀਰ)



### 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਸੁਨੀਤਾ ਵਿਲੀਅਮਜ਼ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ਅਤੇ ਉਹ ਮੂਲ ਰੂਪ ਵਿੱਚ ਕਿੱਥੋਂ ਦੇ ਨਿਵਾਸੀ ਸਨ?**

ਉੱਤਰ : ਸੁਨੀਤਾ ਵਿਲੀਅਮਜ਼ ਦੇ ਪਿਤਾ ਡਾ: ਦੀਪਕ ਪਾਂਡੇ ਤੇ ਮਾਤਾ ਬੋਨੀ ਉਰਸਾਲੀਨ ਜ਼ੁਲੋਕਰ ਸਨ। ਉਸ ਦੇ ਪਿਤਾ ਮੂਲ ਰੂਪ ਵਿੱਚ ਭਾਰਤ ਦੇ ਮਾਤਾ ਮੂਲ ਰੂਪ ਵਿੱਚ ਯੂਗੋਸਲਾਵੀਆ ਦੇ ਨਿਵਾਸੀ ਸਨ।

**ਪ੍ਰਸ਼ਨ ਅ. ਸੁਨੀਤਾ ਵਿਲੀਅਮਜ਼ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਅਤੇ ਉਸ ਦੇ ਕਿੰਨੇ ਭੈਣ-ਭਰਾ ਸਨ?**

ਉੱਤਰ : ਸੁਨੀਤਾ ਵਿਲੀਅਮਜ਼ ਦਾ ਜਨਮ 1 ਸਤੰਬਰ, 1965 ਵਿੱਚ ਯੂਕਲਿਡ ਵਿਖੇ ਹੋਇਆ। ਉਸ ਦਾ ਇੱਕ ਭਰਾ ਤੇ ਇੱਕ ਭੈਣ ਸੀ।

**ਪ੍ਰਸ਼ਨ ੲ. ਸੁਨੀਤਾ ਦਾ ਬਚਪਨ ਵਰਣਨ ਕਰੋ।**

ਉੱਤਰ : ਪਰਿਵਾਰ ਵਿਚ ਬਹੁਤ ਲਾਡਲੀ ਸੁਨੀਤਾ ਦਾ ਪਾਲਣ-ਪੋਸਣ ਬੋਸਟਨ ਵਿਚ ਹੋਇਆ ਤੇ ਇੱਥੇ ਹੀ ਉਹ ਪੜੀ ਲਿਖੀ। ਸੁਨੀਤਾ ਨੇ ਪੜ੍ਹਾਈ ਦੇ ਨਾਲ਼-ਨਾਲ਼ ਖੇਡਾਂ ਵਿੱਚ ਵੀ ਵਿਸ਼ੇਸ਼ ਰੁਚੀ ਲਈ। ਛੇ ਸਾਲ ਦੀ ਉਮਰ ਵਿੱਚ ਹੀ ਤੈਰਾਕੀ ਪ੍ਰਤੀਯੋਗਤਾ ਵਿੱਚ ਉਸ ਨੇ ਪੰਜ ਮੈਡਲ ਜਿੱਤੇ।

**ਪ੍ਰਸ਼ਨ ਸ. ਸੁਨੀਤਾ ਵਿਲੀਅਮਜ਼ ਨੇ ਵਿੱਦਿਆ ਕਿੱਥੋਂ ਤੇ ਕਿੱਥੋਂ ਤਕ ਪ੍ਰਾਪਤ ਕੀਤੀ ?**

ਉੱਤਰ : ਉਸ ਨੇ ਬਾਰਵੀਂ ਤੱਕ ਪੜ੍ਹਾਈ ਬੋਸਟਨ ਵਿੱਚ ਕੀਤੀ। ਉਸ ਤੋਂ ਬਾਅਦ ਅਮਰੀਕੀ ਨੈਵਲ ਅਕੈਡਮੀ ਤੋਂ 1987 ਵਿਚ ਬੀ.ਐੱਸ.ਸੀ. ਪਾਸ ਕੀਤੀ ਤੇ ਫਿਰ ਨੇਵੀ ਵਿਚ ਭਰਤੀ ਹੋ ਗਈ।

**ਪ੍ਰਸ਼ਨ ਹ. ਸੁਨੀਤਾ ਨੂੰ ਪੁਲਾੜ ਯਾਤਰਾ ਦੀ ਟ੍ਰੇਨਿੰਗ ਲਈ ਕਦੋਂ ਤੇ ਕਿਵੇਂ ਚੁਣਿਆ ਗਿਆ?**

ਉੱਤਰ : ਸੁਨੀਤਾ ਨੂੰ ਜਦੋਂ ਪਤਾ ਲੱਗਾ ਕਿ ਇੱਕ ਪੁਲਾੜ-ਯਾਤਰੀ ਲਈ ਹੈਲੀਕਾਪਟਰ ਚਲਾਉਣ ਦੀ ਟ੍ਰੇਨਿੰਗ ਜ਼ਰੂਰੀ ਹੈ, ਤਾਂ ਉਸ ਨੇ ਪੁਲਾੜ ਯਾਤਰਾ ਲਈ ਨਾਸਾ ਨੂੰ ਅਰਜ਼ੀ ਭੇਜ ਦਿੱਤੀ। 1998 ਵਿੱਚ ਉਸ ਉਸ ਨੂੰ ਪੁਲਾੜ-ਯਾਤਰਾ ਦੀ ਟ੍ਰੇਨਿੰਗ ਲਈ ਚੁਣ ਲਿਆ ਗਿਆ।

**ਪ੍ਰਸ਼ਨ ਕ. ਸੁਨੀਤਾ ਵਿਲੀਅਮਜ਼ ਨੇ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ ਦੇ ਤਜਰਬਿਆਂ ਦੇ ਖੇਤਰ ਵਿਚ ਕੀ ਕੰਮ ਕੀਤਾ?**

ਉੱਤਰ : ਉਹ 195 ਦਿਨ ਪੁਲਾੜ ਵਿੱਚ ਰਹੀ, ਚਾਰ ਵਾਰੀ ਪੁਲਾੜੀ-ਜਹਾਜ਼ ਤੋਂ ਬਾਹਰ ਨਿਕਲ ਕੇ ਸਪੇਸ ਵਾਕਿੰਗ ਕੀਤੀ ਅਤੇ 29 ਘੰਟੇ 17 ਮਿੰਟ, ਸਪੇਸ ਵਾਕਿੰਗ ਕਰ ਕੇ ਰਿਕਾਰਡ ਕਾਇਮ ਕੀਤਾ। ਉਸ ਨੇ ਪੁਲਾੜੀ ਜਹਾਜ਼ ਵਿਚ ਲੱਗੀ ਟ੍ਰੈਡ-ਮਿੱਲ ਉੱਤੇ ਦੌੜ ਕੇ ਧਰਤੀ ਉੱਤੇ ਹੋ ਰਹੀ ਮੈਰਾਥਨ ਦੌੜ ਵਿੱਚ ਹਿੱਸਾ ਲੈ ਕੇ ਇਕ ਰਿਕਾਰਡ ਸਥਾਪਿਤ ਕੀਤਾ ।

**ਪ੍ਰਸ਼ਨ ਖ. ਸੁਨੀਤਾ ਵਿਲੀਅਮਜ਼ ਧਰਤੀ 'ਤੇ ਕਦੋਂ ਵਾਪਸ ਆਈ ਤੇ ਭਾਰਤ ਸਰਕਾਰ ਨੇ ਉਸ ਨੂੰ ਕਿਹੜਾ ਪੁਰਸਕਾਰ ਪ੍ਰਦਾਨ ਕੀਤਾ?**

ਉੱਤਰ : ਸੁਨੀਤਾ ਵਿਲੀਅਮਜ਼ 22 ਜੂਨ, 2007 ਦੀ ਰਾਤ ਨੂੰ ਧਰਤੀ ਉੱਤੇ ਵਾਪਸ ਆਈ। ਭਾਰਤ ਸਰਕਾਰ ਨੇ ਉਸ ਨੂੰ ਸਰਵੋਤਮ ਸਿਵਲੀਅਨ ਪੁਰਸਕਾਰ ਪਦਮ ਭੂਸ਼ਨ ਪ੍ਰਦਾਨ ਕੀਤਾ।

### 2. ਵਾਕਾਂ ਵਿੱਚ ਵਰਤੋ :

1. **ਪਾਲਣ-ਪੋਸਣ (ਪਾਲਣ)-** ਸੁਨੀਤਾ ਦਾ ਪਾਲਣ-ਪੋਸਣ ਬੋਸਟਨ ਵਿੱਚ ਹੋਇਆ।
2. **ਅੰਬਰਾਂ ਵਿੱਚ ਉਡਾਰੀਆਂ (ਪੁਲਾੜ ਵਿਚ ਉੱਡਣਾ)-** ਸੁਨੀਤਾ ਵਿਲੀਅਮਜ਼ ਨੇ ਅੰਬਰਾਂ ਵਿੱਚ ਉਡਾਰੀਆਂ ਮਾਰ ਭਾਰਤ ਦਾ ਸਿਰ ਮਾਣ ਨਾਲ਼ ਉੱਚਾ ਕੀਤਾ।
3. **ਔਖ-ਸੌਖ ਝਾਗਣਾ (ਮੁਸ਼ਕਿਲਾਂ ਦਾ ਮੁਕਾਬਲਾ ਕਰਨਾ)-** ਸੁਨੀਤਾ ਛੋਟੇ ਹੁੰਦੇ ਹੀ ਔਖ-ਸੌਖ ਝਾਗਣਾ ਸਿੱਖ ਗਈ ਸੀ।
4. **ਸਾਂਭ-ਸੰਭਾਲ (ਸੰਭਾਲਣਾ)-** ਮੈਨੂੰ ਬੂਟਿਆਂ ਦੀ ਸਾਂਭ-ਸੰਭਾਲ ਦਾ ਬਹੁਤ ਸ਼ੌਂਕ ਹੈ।
5. **ਸਥਾਪਿਤ ਕਰਨਾ (ਕਾਇਮ ਕਰਨਾ)-** ਕਰੋਨਾ ਦੌਰਾਨ ਲੋਕਾਂ ਦੀ ਮਦਦ ਲਈ ਕਈ ਕੈਂਪ ਸਥਾਪਿਤ ਕੀਤੇ ਗਏ।
6. **ਨਾਗਰਿਕਤਾ (ਕਿਸੇ ਦੇਸ ਦਾ ਵਾਸੀ ਹੋਣ ਦਾ ਹੱਕ)-** ਸੁਨੀਤਾ ਵਿਲੀਅਮਜ਼ ਦੇ ਪਿਤਾ ਕੋਲ਼ ਅਮਰੀਕਾ ਦੀ ਨਾਗਰਿਕਤਾ ਸੀ।

**3. ਯੋਜਕ :** ਜਿਹੜਾ ਸ਼ਬਦ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਜਸਵਿੰਦਰ **ਤੇ** ਦੀਪਕ ਦੋਸਤ ਹਨ।

## 4. ਹੇਠ ਲਿਖੇ ਵਾਕਾਂ ਜੋ ਯੋਜਕ ਲੱਭ ਕੇ ਲਿਖੋ :

1. ਉਹ ਭਾਰਤ ਵਿੱਚ **ਭਾਵੇਂ** ਜੰਮੀ ਨਹੀਂ **ਪਰੰਤੂ** ਉਹ ਇੱਕ ਭਾਰਤੀ ਡਾਕਟਰ ਦੀਪਕ ਪਾਂਡੇ ਦੀ ਧੀ ਹੈ।
2. ਉਸ ਦਾ ਇੱਕ ਭਰਾ **ਤੇ** ਇੱਕ ਭੈਣ ਉਸ ਤੋਂ ਵੱਡੇ ਸਨ।
3. ਉਸ ਨੇ ਦੱਸਿਆ **ਕਿ** ਪੁਲਾੜ-ਯਾਤਰੀ ਦੀ ਨਿਗ ਵਜੋਂ ਉਸ ਨੂੰ ਹੈਲੀਕਾਪਟਰ ਚਲਾਉਣਾ ਸਿੱਖਣਾ ਪਿਆ ਸੀ।
4. ਸੁਨੀਤਾ ਨੇ ਇਸ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ **ਤੇ** ਤਜਰਬਿਆਂ ਦੇ ਖੇਤਰ ਵਿੱਚ ਬੜਾ ਕੰਮ ਕੀਤਾ ਹੈ।

## 5. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :

ਸ਼ੁਰੂ ਤੋਂ ਹੀ ਸੁਨੀਤਾ ਨਿਮਰਤਾ ਵਾਲੀ ਕੁੜੀ ਸੀ। ਉਹ ਆਪਣੀਆਂ ਪ੍ਰਾਪਤੀਆਂ ਬਾਰੇ ਰੌਲ਼ਾ ਨਹੀਂ ਸੀ ਪਾਉਂਦੀ। ਉਹ ਛੇ ਸਾਲ ਦੀ ਸੀ ਜਦ ਸਾਰਾ ਪਰਿਵਾਰ ਕੈਂਪ ਲਾਈ ਪਿਕਨਿਕ ਮਨਾ ਰਿਹਾ ਸੀ। ਸੁਨੀਤਾ ਆਪਣੀਆਂ ਸਹੇਲੀਆਂ ਨਾਲ਼ ਤੈਰਾਕੀ ਪ੍ਰਤੀਯੋਗਤਾ ਉੱਤੇ ਗਈ ਹੋਈ ਸੀ। ਪ੍ਰਤੀਯੋਗਤਾ ਖ਼ਤਮ ਹੋਈ ਤਾਂ ਬੈਗ ਚੁੱਕ ਕੇ ਉਹ ਆਪਣੇ ਟੱਬਰ ਨਾਲ਼ ਆ ਰਲ਼ੀ। ਭੈਣ ਤੇ ਭਰਾ ਨੇ ਪੁੱਛਿਆ, "ਕਿਵੇਂ ਰਿਹਾ, ਤੇਰਾ ਮੁਕਾਬਲਾ?" "ਬਿਲਕੁਲ ਠੀਕ।" ਦੋ-ਹਰਫ਼ੀ ਉੱਤਰ ਦੇ ਕੇ ਉਹ ਸਹੇਲੀਆਂ ਨਾਲ਼ ਦੌੜ ਗਈ। ਉਸ ਦਾ ਜਦ ਬੈਗ ਖੋਲ੍ਹਿਆ ਗਿਆ ਤਾਂ ਉਸ ਵਿੱਚ ਪੰਜ ਮੈਡਲ ਸਨ। ਉਹ ਪੰਜ ਵੱਖ-ਵੱਖ ਈਵੈਂਟਸ ਵਿੱਚੋਂ ਫ਼ਸਟ ਆਈ ਸੀ।

1. **ਤੈਰਾਕੀ ਪ੍ਰਤੀਯੋਗਤਾ ਵਿੱਚ ਉਹ ਕੀ ਜਿੱਤ ਕੇ ਲਿਆਈ?**
   ਏ. ਮੈਡਲ    ਅ. ਬੈਗ    ੲ. ਕੁਝ ਵੀ ਨਹੀਂ    ਸ. ੳ,ਅ ਦੋਵੇਂ
2. **ਤੈਰਾਕੀ ਪ੍ਰਤੀਯੋਗਤਾ 'ਤੇ ਉਹ ਕਿਸ ਨਾਲ਼ ਗਈ ਸੀ?**
   ੲ. ਪਰਿਵਾਰ ਨਾਲ਼    ਅ. ਸਹੇਲੀਆਂ ਨਾਲ਼    ੲ. ਭੈਣ ਨਾਲ਼    ਸ. ਭਰਾ ਨਾਲ਼
3. **"ਬਿਲਕੁਲ ਠੀਕ।" ਕਿਸ ਨੇ ਕਿਹਾ?**
   ੳ. ਪਰਿਵਾਰ ਨੇ    ਅ. ਸੁਨੀਤਾ ਨੇ    ੲ. ਸਹੇਲੀਆਂ ਨੇ    ਸ. ਭਰਾ ਨੇ
4. **ਕਿਵੇਂ ਰਿਹਾ, ਤੇਰਾ ਮੁਕਾਬਲਾ? ਵਾਕ ਵਿੱਚ ਕਿੰਨੇ ਵਿਸ਼ਰਾਮ ਚਿੰਨ੍ਹ ਹਨ?**
   ੳ. ਤਿੰਨ    ਅ. ਚਾਰ    ੲ. ਦੋ    ਸ. ਇੱਕ
5. **ਸੁਨੀਤਾ ਕਿੰਨੇ ਈਵੈਂਟਸ ਵਿੱਚੋ ਫ਼ਸਟ ਆਈ ਸੀ?**
   ੳ. ਛੇ    ਅ. ਪੰਜ    ੲ. ਦੋ    ਸ. ਉਕਤ ਵਿੱਚੋਂ ਕੋਈ ਨਹੀਂ
6. **ਉਹ ਸਹੇਲੀਆਂ ਨਾਲ਼ ਦੌੜ ਗਈ। ਇਸ ਵਾਕ ਵਿੱਚ ਪੜਨਾਂਵ ਸ਼ਬਦ ਕਿਹੜਾ ਹੈ।**
   ੳ. ਸਹੇਲੀਆਂ    ਅ. ਨਾਲ਼    ੲ. ਉਹ    ਸ. ਗਈ
7. **'ਦੋ-ਹਰਫ਼ੀ' ਸ਼ਬਦ ਦਾ ਵਾਕ ਬਣਾਓ?**
8. **ਪ੍ਰਤੀਯੋਗਤਾ ਤੋਂ ਪਰਤਣ ਸਮੇਂ ਪੰਜ ਮੈਡਲ ਸੁਨੀਤਾ ਦੇ ਗ਼ਲੇ ਵਿੱਚ ਲਟਕ ਰਹੇ ਸਨ। (ਠੀਕ/ਗ਼ਲਤ)**

**ਉੱਤਰ ਕੁੰਜੀ**

1. ਮੈਡਲ    2. ਸਹੇਲੀਆਂ ਨਾਲ਼    3. ਸੁਨੀਤਾ ਨੇ    4. ਦੋ    5. ਪੰਜ    6. ਉਹ
7. ਦੋ-ਹਰਫ਼ੀ ਉੱਤਰ ਦੇ ਕੇ ਉਹ ਸਹੇਲੀਆਂ ਨਾਲ਼ ਦੌੜ ਗਈ।    8. ਗ਼ਲਤ

## 6. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :

ਸੁਨੀਤਾ ਦੇ ਪਿਤਾ ਪੜ੍ਹਨ-ਲਿਖਣ, ਸੈਰ-ਸਪਾਟੇ ਤੇ ਸੰਗੀਤ ਦੇ ਸ਼ੁਕੀਨ ਸਨ। ਮਾਤਾ ਘਰੇਲੂ ਰੁਚੀਆਂ ਵਾਲ਼ੀ ਸੀ। ਸਿਲਾਈ-ਕਢਾਈ, ਸੰਗੀਤ, ਖੇਡਾਂ ਤੇ ਸੈਰ-ਸਪਾਟੇ ਵਿੱਚ ਉਸ ਦੀ ਵਿਸ਼ੇਸ਼ ਰੁਚੀ ਸੀ। ਸੁਨੀਤਾ ਦੇ ਵੱਡੇ ਭੈਣ-ਭਰਾ ਵੀ ਤੈਰਾਕੀ ਤੇ ਅਥਲੈਟਿਕਸ ਵਿੱਚ ਵਿਸ਼ੇਸ਼ ਰੁਚੀ ਲੈਂਦੇ ਸਨ। ਇਸ ਕਿਸਮ ਦੇ ਮਾਹੌਲ ਵਿੱਚ ਵੱਡੀ ਹੋਣ ਵਾਲੀ ਸੁਨੀਤਾ ਪੜ੍ਹਾਈ ਦੇ ਨਾਲ਼ ਸੰਗੀਤ, ਤਰਾਕੀ, ਹਾਈਕਿੰਗ, ਟ੍ਰੈਕਿੰਗ ਅਤੇ ਖੇਡਾਂ ਵਿੱਚ ਵਿਸ਼ੇਸ਼ ਰੁਚੀ ਲੈਂਦੀ ਰਹੀ। ਸਕੂਲ ਦਾ ਕੰਮ ਕਰਨ ਤੋਂ ਬਾਅਦ ਤਿੰਨੇ ਭੈਣ-ਭਰਾ ਟ੍ਰੈਕਿੰਗ ਦਾ ਅਭਿਆਸ ਕਰਦੇ। ਹਰ ਛੁੱਟੀ ਦੇ ਦਿਨ ਇਹ ਪਰਿਵਾਰ ਖੁੱਲ੍ਹੇ ਮੈਦਾਨਾਂ, ਦਰਿਆਵਾਂ, ਝੀਲਾਂ, ਪਹਾੜਾਂ ਜਾਂ ਸਾਗਰਾ ਵੱਲ ਸੈਰ-ਸਪਾਟੇ ਲਈ ਨਿਕਲ ਜਾਂਦਾ ਅਤੇ ਪ੍ਰਕਿਰਤੀ ਦੇ ਨਜ਼ਾਰੇ ਮਾਣਦਾ। ਉਹ ਸਿਰਫ਼ ਗਿਆਰਾਂ ਸਾਲ ਦੀ ਸੀ ਜਦੋਂ ਉਸ ਨੇ ਬੋਸਟਨ ਹਾਰਬਰ ਮੈਰਾਥਨ ਤੈਰਾਕੀ ਮੁਕਾਬਲੇ ਵਿੱਚ ਹਿੱਸਾ ਲਿਆ।

1. **11 ਸਾਲ ਉਮਰ ਵਿਚ ਸੁਨੀਤਾ ਨੇ ਕਿਹੜੇ ਮੁਕਾਬਲੇ ਵਿੱਚ ਭਾਗ ਲਿਆ?**
   ੳ. ਸੰਗੀਤ    ਅ. ਹਾਈਕਿੰਗ    ੲ. ਤੈਰਾਕੀ    ਸ. ਟ੍ਰੈਕਿੰਗ
2. **ਸੁਨੀਤਾ ਦੀ ਮਾਂ ਦੀ ਰੁਚੀ ਕਿਸ ਵਿੱਚ ਸੀ?**
   ੳ. ਸਿਲਾਈ-ਕਢਾਈ    ਅ. ਖੇਡਾਂ    ੲ. ਸੈਰ-ਸਪਾਟਾ    ਸ. ਉਪਰੋਕਤ ਸਾਰੇ
3. **ਸੁਨੀਤਾ ਦੇ ਪਿਤਾ ਕਿਸ ਦੇ ਸ਼ੁਕੀਨ ਸਨ?**

ੳ. ਤੈਰਾਕੀ ਦੇ ਅ. ਸਿਲਾਈ-ਕਢਾਈ ਦੇ ੲ. ਹਾਈਕਿੰਗ ਦੇ ਸ. ਪੜ੍ਹਨ-ਲਿਖਣ ਦੇ

**4. ਛੁੱਟੀ ਵਾਲ਼ੇ ਦਿਨ ਸੁਨੀਤਾ ਦਾ ਪਰਿਵਾਰ ਕੀ ਕਰਦਾ ਸੀ?**

ੳ. ਪੜ੍ਹਦਾ-ਲਿਖਦਾ ਅ. ਤੈਰਾਕੀ ੲ. ਸੈਰ-ਸਪਾਟਾ ਸ. ਟ੍ਰੈਕਿੰਗ ਦਾ ਅਭਿਆਸ

**5. ਸਕੂਲ ਦਾ ਕੰਮ ਕਰਨ ਤੋਂ ਬਾਅਦ ਤਿੰਨੇ ਭੈਣ-ਭਰਾ ਕੀ ਕਰਦੇ ਸਨ?**

ੳ. ਪੜ੍ਹਦੇ ਅ. ਤੈਰਾਕੀ ੲ. ਸੰਗੀਤ ਸ. ਟ੍ਰੈਕਿੰਗ

**6. ਮਾਤਾ ਘਰੇਲੂ ਰੁਚੀਆਂ ਵਾਲੀ ਸੀ। ਇਸ ਵਾਕ ਵਿੱਚ ਨਾਂਵ ਸ਼ਬਦ ਕਿਹੜਾ ਹੈ।**

ੳ. ਮਾਤਾ ਅ. ਘਰੇਲੂ ੲ. ਵਾਲ਼ੀ ਸ. ਸੀ

**7. 'ਸ਼ੁਕੀਨ' ਸ਼ਬਦ ਦਾ ਵਾਕ ਬਣਾਓ?**

8. **ਸੁਨੀਤਾ ਦੇ ਪਿਤਾ ਪੜ੍ਹਨ-ਲਿਖਣ ਦੇ ਸ਼ੁਕੀਨ ਸਨ । (ਠੀਕ/ਗ਼ਲਤ)**

**ਉੱਤਰ ਕੁੰਜੀ**

1. ਤੈਰਾਕੀ 2. ਉਪਰੋਕਤ ਸਾਰੇ 3. ਪੜ੍ਹਨ-ਲਿਖਣ ਦੇ 4. ਸੈਰ-ਸਪਾਟਾ 5. ਟ੍ਰੈਕਿੰਗ

6. ਮਾਤਾ 7. ਸੁਨੀਤਾ ਦੇ ਪਿਤਾ ਸੰਗੀਤ ਦੇ ਸ਼ੁਕੀਨ ਸਨ। 8. ਠੀਕ

## 7. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :

ਸੁਨੀਤਾ ਨੇ ਬੋਸਟਨ ਵਿੱਚ ਹੀ ਨੀਧਮ ਸਕੂਲ ਤੋਂ ਬਾਰ੍ਹਵੀਂ ਜਮਾਤ ਪਾਸ ਕੀਤੀ। ਸਾਇੰਸ ਅਤੇ ਹਿਸਾਬ ਵਿੱਚੋਂ ਚੰਗੇ ਨੰਬਰ ਲੈ ਕੇ ਉਹ ਜਮਾਤ ਦੇ ਚੋਟੀ ਦੇ ਬੱਚਿਆਂ ਵਿੱਚੋਂ ਇੱਕ ਸੀ। 1983 ਈਸਵੀ ਵਿੱਚ ਹੀ ਉਹ ਅਮਰੀਕੀ ਨੈਵਲ ਅਕੈਡਮੀ ਵਿੱਚ ਦਾਖ਼ਲ ਹੋ ਗਈ। ਇਥੋਂ ਹੀ ਉਸ ਨੇ 1987 ਈਸਵੀ ਵਿੱਚ ਬੀ.ਐੱਸ.ਸੀ. ਪਾਸ ਕੀਤੀ ਤੇ ਨੇਵੀ ਵਿੱਚ ਭਰਤੀ ਹੋ ਗਈ। ਉਸ ਨੂੰ ਹੈਲੀਕਾਪਟਰ ਉਡਾਉਣ ਦੀ ਟਰੇਨਿੰਗ ਦੇ ਕੇ ਇਹੀ ਕੰਮ ਸੌਂਪਿਆ ਗਿਆ। ਉਸ ਨੇ ਇਸ ਕੰਮ ਵਿੱਚ ਏਨੀ ਰੁਚੀ ਲਈ ਕਿ ਤੀਹ ਵੱਖ-ਵੱਖ ਕਿਸਮਾਂ ਦੇ ਜਹਾਜ਼ ਤੇ ਹੈਲੀਕਾਪਟਰ ਉਸ ਨੇ 2770 ਘੰਟੇ ਉਡਾਉਣ ਦਾ ਰਿਕਾਰਡ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਬਣਾ ਲਿਆ। ਇਸ ਦੌਰਾਨ ਉਸ ਨੇ ਐੱਮ.ਐੱਸ.ਸੀ. ਕਰ ਲਈ ਤੇ ਹੈਲੀਕਾਪਟਰ-ਇੰਸਟਰਕਟਰ ਬਣ ਗਈ। ਇਸ ਸਮੇਂ ਤੱਕ ਉਹ ਨੈਵਲ ਅਕੈਡਮੀ ਦੇ ਆਪਣੇ ਇੱਕ ਜਮਾਤੀ ਮਿਸ਼ੈਲ ਵਿਲੀਅਮਜ਼ ਨਾਲ ਸ਼ਾਦੀ ਕਰਵਾ ਕੇ ਸੁਨੀਤਾ ਵਿਲੀਅਮਜ਼ ਬਣ ਗਈ ਸੀ।

**1. ਸੁਨੀਤਾ ਕਿਸ ਵਿਸ਼ੇ ਵਿੱਚੋਂ ਚੰਗੇ ਨੰਬਰ ਲੈ ਕੇ ਚੋਟੀ ਦੇ ਬੱਚਿਆਂ ਵਿੱਚੋਂ ਇੱਕ ਸੀ?**

ੳ. ਸਾਇੰਸ ਅ. ਮੈਥ ੲ. ਸਾਇੰਸ ਅਤੇ ਮੈਥ ਸ. ਉਪਰੋਕਤ ਵਿੱਚੋਂ ਕੋਈ ਨਹੀਂ

**2. ਸੁਨੀਤਾ ਅਮਰੀਕੀ ਨੈਵਲ ਅਕੈਡਮੀ ਵਿੱਚ ਕਦੋਂ ਦਾਖ਼ਲ ਹੋਈ?**

ੳ. 1987 ਅ. 1983 ੲ. 2770 ਸ. ਉਪਰੋਕਤ ਵਿੱਚੋਂ ਕੋਈ ਨਹੀਂ

**3. ਸੁਨੀਤਾ ਨੇ ਕਿੱਥੋ ਤੱਕ ਪੜ੍ਹਾਈ ਕੀਤੀ?**

ੳ. ਬੀ.ਐੱਸ.ਸੀ. ਅ. ਐੱਮ.ਐੱਸ.ਸੀ. ੲ. ਬਾਰਵੀਂ ਸ. ਕੋਈ ਨਹੀਂ

**4. ਸੁਨੀਤਾ ਨੇ ਨੀਧਮ ਸਕੂਲ ਤੋਂ ਕਿਹੜੀ ਜਮਾਤ ਪਾਸ ਕੀਤੀ?**

ੳ. ਬੀ.ਐੱਸ.ਸੀ. ਅ. ਐੱਮ.ਐੱਸ.ਸੀ ੲ. ਬਾਰ੍ਹਵੀਂ ਸ. ਕੋਈ ਨਹੀਂ

**5. ਸੁਨੀਤਾ ਨੇ ਹੈਲੀਕਾਪਟਰ ਉਡਾਉਣ ਦੀ ਟਰੇਨਿੰਗਾਂ ਤੋਂ ਬਾਅਦ ਕੀ ਕੀਤਾ?**

ਅ. ਹੈਲੀਕਾਪਟਰ ਉਡਾਉਣ ਦਾ ਰਿਕਾਰਡ ਬਣਾਇਆ ਅ. ਐੱਮ.ਐੱਸ.ਸੀ ਕੀਤੀ

ੲ. ਹੈਲੀਕਾਪਟਰ ਇੰਸਟਰਕਟਰ ਬਣ ਗਈ ਸ. ਉਪਰੋਕਤ ਸਾਰੇ

**6. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:**

ਪਾਸ, ਚੰਗੇ

**7. 'ਚੋਟੀ' ਸ਼ਬਦ ਦਾ ਵਾਕ ਬਣਾਓ:**

**8. ਮਿਸ਼ੈਲ ਵਿਲੀਅਮਜ਼ ਨੇ 2770 ਘੰਟੇ ਹੈਲੀਕਾਪਟਰ ਉਡਾਉਣ ਦਾ ਰਿਕਾਰਡ ਬਣਾਇਆ।(ਠੀਕ/ਗ਼ਲਤ)**

**ਉੱਤਰ ਕੁੰਜੀ**

1. ਸਾਇੰਸ ਅਤੇ ਮੈਥ 2. 1983 3. ਐੱਮ.ਐੱਸ.ਸੀ. 4. ਬਾਰ੍ਹਵੀ 5. ਉਪਰੋਕਤ ਸਾਰੇ

6. ਫ਼ੇਲ੍ਹ, ਮਾੜੇ 7. ਉਹ ਜਮਾਤ ਦੇ ਚੋਟੀ ਦੇ ਬੱਚਿਆਂ ਵਿੱਚੋਂ ਇੱਕ ਸੀ। 8. ਗ਼ਲਤ


**ਤਿਆਰ ਕਰਤਾ**

**ਗੁਰਪ੍ਰੀਤ ਸਿੰਘ ਰੂਪਰਾ ਡੀ.ਐੱਮ. ਪੰਜਾਬੀ)**

**ਸਕੂਲ ਸਿੱਖਿਆ ਵਿਭਾਗ ਪੰਜਾਬ।**

## ਪਾਠ : 22

## ਵਿਰਾਸਤ-ਏ-ਖ਼ਾਲਸਾ (ਲੇਖਕ : ਤਰਸੇਮ ਸਿੰਘ ਬੁੱਟਰ)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. ਵਿਰਾਸਤ-ਏ-ਖਾਲਸਾ ਕਿੱਥੇ ਬਣਿਆਂ ਹੋਇਆ ਹੈ?**

ਉੱਤਰ : ਵਿਰਾਸਤ-ਏ-ਖਾਲਸਾ ਸ੍ਰੀ ਆਨੰਦਪੁਰ ਸਾਹਿਬ ਵਿੱਚ ਬਣਿਆ ਹੋਇਆ ਹੈ।

**ਪ੍ਰਸ਼ਨ ਅ. ਵਿਰਾਸਤ-ਏ-ਖਾਲਸਾ ਦੀ ਸਥਾਪਨਾ ਦਾ ਮੂਲ ਉਦੇਸ਼ ਕੀ ਹੈ ?**

ਉੱਤਰ : ਵਿਰਾਸਤ-ਏ-ਖਾਲਸਾ ਦਾ ਮੂਲ ਉਦੇਸ਼ ਅਮੀਰ ਸਿੱਖ-ਵਿਰਾਸਤ, ਸਿੱਖ ਧਰਮ ਸਦੀਵੀਂ ਸੰਦੇਸ਼ਾਂ ਨੂੰ ਅਜੋਕੀ ਤੇ ਆਉਣ ਵਾਲੀਆਂ ਪੀੜੀਆਂ ਤੱਕ ਪਹੁੰਚਾਉਣ ਦੇ ਨਾਲ਼-ਨਾਲ਼ ਪੰਜਾਬੀ ਸੱਭਿਆਚਾਰ ਦੇ ਵੱਖ ਵੱਖ ਪਹਿਲੂਆਂ ਦਾ ਚਿਤਰਨ ਕਰਨਾ ਹੈ ।

**ਪ੍ਰਸ਼ਨ ੲ. ਵਿਰਾਸਤ-ਏ-ਖ਼ਾਲਸਾ ਦੇ ਪੱਛਮੀ ਤੇ ਪੂਰਬੀ ਹਿੱਸੇ ਦੀਆਂ ਮੁੱਖ ਇਮਾਰਤਾਂ ਦੇ ਨਾਂ ਲਿਖੋ ।**

ਉੱਤਰ : ਵਿਰਾਸਤ-ਏ-ਖ਼ਾਲਸਾ ਦੇ ਪੱਛਮੀ ਹਿੱਸੇ ਵਿੱਚ ਪੁਸਤਕਾਲਿਆ, ਸ੍ਰੋਤਾ ਭਵਨ ਤੇ ਪ੍ਰਦਰਸ਼ਨੀ ਹਾਲ ਅਤੇ ਪੂਰਬੀ ਭਾਗ ਵਿੱਚ ਕਿਸ਼ਤੀ ਇਮਾਰਤ, ਢੋਲ ਇਮਾਰਤ, ਪੰਜ ਫੁੱਲ-ਪੱਤੀ ਇਮਾਰਤ ਅਤੇ ਦੂਜ ਦੇ ਚੰਦ ਜਾਂ ਕਲਗੀਨੁਮਾ ਇਮਾਰਤ ਸ਼ਾਮਿਲ ਹਨ।

**ਪ੍ਰਸ਼ਨ ਸ. ਕਿਸ਼ਤੀਨੁਮਾ ਇਮਾਰਤ ਵਿੱਚ ਸਥਾਪਿਤ ਪਹਿਲੀ ਗੈਲਰੀ 'ਚ ਕੀ ਕੁੱਝ ਵੇਖਣ-ਸੁਣਨ ਨੂੰ ਮਿਲਦਾ ਹੈ?**

ਉੱਤਰ : ਇਸ ਵਿੱਚ ਪੁਰਾਤਨ ਪੰਜਾਬ ਤੋਂ ਲੈ ਕੇ ਆਧੁਨਿਕ ਪੰਜਾਬ ਤੱਕ ਦੇ ਵਿਕਾਸ ਦੀ ਰੰਗਲੀ ਝਾਕੀ ਵੇਖਣ ਨੂੰ ਮਿਲਦੀ ਹੈ। ਇੱਥੇ ਹਨੇਰੇ ਵਿੱਚ ਚਿੜੀਆਂ ਦੇ ਬੋਲਣ ਦੀ ਅਵਾਜ਼, ਵੱਖ-ਵੱਖ ਧਾਰਮਿਕ ਅਸਥਾਨ 'ਚੋਂ ਨਿਕਲਦੀਆਂ ਅਵਾਜ਼ਾਂ ਅਤੇ ਸੰਗੀਤਕ ਬੋਲ ਸੁਣਨ ਨੂੰ ਮਿਲਦੇ ਹਨ।

**ਪ੍ਰਸ਼ਨ ਹ. ਢੋਲ-ਇਮਾਰਤ ਵਿੱਚ ਕੀ ਕੁੱਝ ਸ਼ਾਮਿਲ ਕੀਤਾ ਗਿਆ ਹੈ?**

ਉੱਤਰ : ਢੋਲ-ਇਮਾਰਤ ਵਿੱਚ ੧ੴ ਨੂੰ 2462 ਜਗਦੇ ਮੋਤੀਨੁਮਾ ਤਾਰਿਆਂ ਦੀ ਮੱਦਦ ਨਾਲ ਰੂਪਮਾਨ ਕੀਤਾ ਗਿਆ ਹੈ। ਇੱਥੇ ਸੁਣਨਯੋਗ ਯੰਤਰਾਂ ਰਾਹੀਂ ਸਿੱਖ ਧਰਮ ਦੀਆਂ ਮੂਲ ਵਿਸ਼ੇਸ਼ਤਾਵਾਂ ਬਾਰੇ ਸੁਣਿਆ ਜਾ ਸਕਦਾ ਹੈ ।

**ਪ੍ਰਸ਼ਨ ਕ. ਪੰਜ ਫੁੱਲ-ਪੱਤੀ ਇਮਾਰਤ 'ਚ ਸਥਾਪਿਤ ਕੀਤੀਆਂ ਪੰਜ ਗੈਲਰੀਆਂ 'ਚ ਕਿਹੜੇ-ਕਿਹੜੇ ਸਿੱਖ ਗੁਰੂ-ਸਾਹਿਬਾਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ?**

ਉੱਤਰ : ਇਸ ਇਮਾਰਤ ਵਿੱਚ ਸਥਾਪਿਤ ਗੈਲਰੀਆਂ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ, ਰਚਨਾ ਅਤੇ ਕੌਮ ਨੂੰ ਦੇਣ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

**ਪ੍ਰਸ਼ਨ ਖ. ਕ੍ਰੀਸੈਂਟ ਅਰਥਾਤ ਦੂਜ ਦੇ ਚੰਦ ਜਾਂ ਚੌਧਵੀਂ ਕਲਗੀਨੁਮਾ ਇਮਾਰਤ ਵਿਚਲੀ ਕਿਸੇ ਇਕ ਗੈਲਰੀ ਬਾਰੇ ਜਾਣਕਾਰੀ ਦਿਓ।**

ਉੱਤਰ : ਇਸ ਇਮਾਰਤ ਦੀ ਚੌਧਵੀਂ ਗੈਲਰੀ ਦਰਸ਼ਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਦੀਵੀਂ ਸੰਦੇਸ਼ ਤੋਂ ਜਾਣੂ ਕਰਾਉਂਦੀ ਹੈ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ਼ ਸੰਬੰਧਿਤ ਵੇਰਵੇ ਵੱਖ ਵੱਖ ਢੰਗਾਂ ਨਾਲ ਉਪਲੱਬਧ ਕਰਾਏ ਗਏ।

**ਪ੍ਰਸ਼ਨ ਗ. ਵਿਰਾਸਤ-ਏ-ਖਾਲਸਾ ਵਿੱਚ ਦਰਸ਼ਕਾਂ ਲਈ ਕਿਹੜੇ ਕਿਹੜੇ ਮਨਾਹੀ ਦੇ ਹੁਕਮ ਹਨ?**

ਉੱਤਰ : ਵਿਰਾਸਤ-ਏ-ਖਾਲਸਾ ਵਿੱਚ ਦਰਸ਼ਕਾਂ ਨੂੰ ਕੈਮਰੇ, ਮੋਬਾਈਲ ਫੋਨ, ਹਥਿਆਰ, ਖਾਧ-ਪਦਾਰਥ, ਥੈਲੇ, ਪਾਲਤੂ ਜਾਨਵਰ, ਸੰਗੀਤਕ ਯੰਤਰ, ਛਤਰੀ, ਕਲਾ-ਕ੍ਰਿਤਾਂ ਨੂੰ ਹੱਥ ਲਾਉਣ ਤੇ ਨਸ਼ੇ ਦੀਆਂ ਚੀਜ਼ਾਂ ਲੈ ਕੇ ਜਾਣ ਦੀ ਮਨਾਹੀ ਹੈ ।

**ਪ੍ਰਸ਼ਨ ਘ. ਵਿਰਾਸਤ-ਏ-ਖਾਲਸਾ 'ਚ ਭਵਿੱਖ ਦੀਆਂ ਗੈਲਰੀਆਂ ਵਿੱਚ ਕੀ ਕੁੱਝ ਦਰਸਾਏ ਜਾਣ ਦੀ ਤਜਵੀਜ਼ ਹੈ?**

ਉੱਤਰ : ਇਨ੍ਹਾਂ ਭਵਿੱਖ ਦੀਆਂ ਗੈਲਰੀਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ, ਰਿਆਸਤੀ ਰਾਜ, ਸੁਤੰਤਰਤਾ ਸੰਗਰਾਮ ਲਈ ਅੰਦੋਲਨ ਅਤੇ ਸੱਭਿਆਚਾਰਕ ਤਬਦੀਲੀਆਂ ਨੂੰ ਦਰਸਾਏ ਜਾਣ ਦੀ ਤਜਵੀਜ਼ ਹੈ।

### 2. ਵਾਕਾਂ ਵਿੱਚ ਵਰਤੋਂ :

1. ਤ੍ਰੈ-ਸ਼ਤਾਬਦੀ (ਤਿੰਨ ਸਾਲ ਬੀਤਣ ਨਾਲ ਤੇ ਸੰਬੰਧਿਤ)- 13 ਅਪਰੈਲ, 1999 ਨੂੰ ਖ਼ਾਲਸੇ ਦੇ ਜਨਮ ਦੀ ਤ੍ਰੈ-ਸ਼ਤਾਬਦੀ ਮਨਾਈ ਗਈ।
2. ਰੂਪ-ਰੇਖਾ (ਨਕਸ਼ਾ)- ਵਿਰਾਸਤ-ੲ-ਖ਼ਾਲਸਾ ਦੀ ਰੂਪ ਰੇਖਾ ਮੋਸ਼ੇ ਸੈਫ਼ਦੀ ਤਿਆਰ ਨੇ ਕੀਤੀ ।
3. ਦਿਸ਼ਾ-ਨਿਰਦੇਸ਼ (ਅਗਵਾਈ)- ਅਸੀਂ ਆਪਣੇ ਕਪਤਾਨ ਦੇ ਦਿਸ਼ਾ-ਨਿਰਦੇਸ਼ ਵਿੱਚ ਟੂਰਨਾਮੈਂਟ ਜਿੱਤ ਗਏ।
4. ਫੁੱਲ-ਪੱਤੀ (ਇਮਾਰਤ ਦਾ ਨਾਂ)- ਵਿਰਾਸਤ-ਏ-ਖ਼ਾਲਸਾ ਵਿੱਚ ਪੰਜ ਫੁੱਲ-ਪੱਤੀ ਇਮਾਰਤ ਹੈ ।
5. ਅੰਧ-ਵਿਸ਼ਵਾਸ (ਬਿਨਾਂ ਸੋਚੇ-ਸਮਝੇ ਵਿਸ਼ਵਾਸ ਰੱਖਣਾ)- ਦਿਨਾਂ ਅਨੁਸਾਰ ਕੰਮ ਕਰਨਾ ਨਿਰਾ ਅੰਧ-ਵਿਸ਼ਵਾਸ ਹੈ।
6. ਤਾਰਾ-ਮੰਡਲ (ਤਾਰਿਆਂ ਦਾ ਸੰਗ੍ਰਹਿ)- ਅਸੀਂ ਸਾਇੰਸ ਸਿਟੀ ਵਿੱਚ ਤਾਰਾ-ਮੰਡਲ ਦਾ ਮਾਡਲ ਦੇਖਿਆ।
7. ਕੰਧ-ਚਿਤਰ (ਕੰਧਾਂ ਉੱਤੇ ਬਣੇ ਰੰਗਦਾਰ ਚਿਤਰ)- ਪੁਰਾਤਨ ਘਰਾਂ ਵਿੱਚ ਕੰਧ-ਚਿਤਰ ਬਣਾਉਣ ਦਾ ਬਹੁਤ ਰਿਵਾਜ ਸੀ।
8. ਰੱਖ-ਰਖਾਅ (ਸਾਂਭ-ਸੰਭਾਲ)- ਪੁਰਾਤਨ ਤੇ ਇਤਿਹਾਸਿਕ ਇਮਾਰਤਾਂ ਨੂੰ ਰੱਖ-ਰਖਾਅ ਦੀ ਬਹੁਤ ਜ਼ਰੂਰਤ ਹੈ।

9. ਸ੍ਵੈ-ਇੱਛਾ (ਨਿੱਜੀ ਮਰਜ਼ੀ)- ਮੈਂ ਆਪਣੀ ਸ੍ਵੈ-ਇੱਛਾ ਨਾਲ ਅੰਮ੍ਰਿਤ ਛਕਣ ਦਾ ਫ਼ੈਸਲਾ ਕੀਤਾ।
10. ਕੋਮਲ-ਕਲਾਵਾਂ (ਸੁਹਜ-ਸਵਾਦ ਦੇਣ ਵਾਲੀਆਂ ਕਿਰਤਾਂ)- ਬੁੱਤਕਾਰੀ ਤੇ ਚਿਤਰਕਾਰੀ ਕੋਮਲ ਕਲਾਵਾਂ ਮੰਨੀਆਂ ਜਾਂਦੀਆਂ ਹਨ।

## 3. ਖਾਲੀ ਥਾਵਾਂ ਭਰੋ :

1. ਵਿਰਾਸਤ-ਏ-ਖ਼ਾਲਸਾ ਦੀ ਰੂਪ-ਰੇਖਾ ............ ਨੇ ਤਿਆਰ ਕੀਤੀ।
2. ਵਿਰਾਸਤ-ਏ-ਖ਼ਾਲਸਾ ......... 'ਚ ਫੈਲਿਆ ਹੋਇਆ ਹੈ।
3. ਵਿਰਾਸਤ-ਏ-ਖ਼ਾਲਸਾ 'ਚ ਹਰੇਕ ......... ਛੁੱਟੀ ਹੁੰਦੀ ਹੈ।
4. ਵਿਰਾਸਤ-ਏ-ਖ਼ਾਲਸਾ 'ਚ ਪੱਛਮੀ ਹਿੱਸੇ ਦੀਆਂ ਇਮਾਰਤਾਂ ਨੂੰ ......... ਲੰਮਾ ਪੁਲ ਪੂਰਬੀ ਹਿੱਸੇ ਨਾਲ ਜੋੜਦਾ ਹੈ।

**ਉੱਤਰ ਕੁੰਜੀ**

1. ਮੋਸ਼ੇ ਸੈਫ਼ਦੀ  2. 120 ਏਕੜ  3. ਸੋਮਵਾਰ  4. 165 ਮੀਟਰ

## 4. ਠੀਕ/ਗ਼ਲਤ ਦੀ ਚੋਣ ਕਰੋ :

1. ਵਿਰਾਸਤ-ਏ-ਖ਼ਾਲਸਾ ਦਰਸ਼ਕਾਂ ਲਈ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।(ਠੀਕ/ਗ਼ਲਤ)
2. ਵਿਰਾਸਤ-ਏ-ਖ਼ਾਲਸਾ ਦੀ ਬਿਹਤਰੀ ਤੇ ਤਰੱਕੀ ਲਈ ਆਮ ਲੋਕ ਵੀ ਦਾਨ ਕਰ ਸਕਦੇ ਹਨ।(ਠੀਕ/ਗ਼ਲਤ)
3. ਵਿਰਾਸਤ-ਏ-ਖ਼ਾਲਸਾ 'ਚ ਦੂਜੇ ਪੜਾਅ ਤਹਿਤ ਬਹੁਤ ਕੁਝ ਨਵਾਂ ਜੋੜਨ ਦੀ ਤਜਵੀਜ਼ ਹੈ। (ਠੀਕ/ਗ਼ਲਤ)

**ਉੱਤਰ ਕੁੰਜੀ**

1. ਗ਼ਲਤ  2. ਠੀਕ  3. ਠੀਕ

## 5. ਹੇਠਾਂ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ:

ਪੰਜ ਫੁੱਲ-ਪੱਤੀ ਇਮਾਰਤ ਵਿੱਚ ਮੌਜੂਦ ਚੌਥੀ ਗੈਲਰੀ ਸ੍ਰੀ ਗੁਰੂ ਨਾਨਕ ਜੀ ਦੇ ਜੀਵਨ, ਉਦਾਸੀਆਂ ਅਤੇ ਪ੍ਰਮੁੱਖ ਘਟਨਾਵਾਂ ਦੀ ਮੂੰਹ-ਬੋਲਦੀ ਤਸਵੀਰ ਹੈ। ਪੰਜਵੀਂ ਗੈਲਰੀ 'ਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਸਾਹਿਬ ਵਿਖੇ ਖੇਤੀ ਕਰਨ, ਬਾਣੀ-ਰਚਨਾ ਕਰਨ, ਅਚਲ ਬਟਾਲੇ ਤੇ ਪਾਕਪਟਨ ਦੀ ਯਾਤਰਾ ਦੇ ਜ਼ਿਕਰ ਤੋਂ ਬਿਨਾਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪਣ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਛੇਵੀਂ ਗੈਲਰੀ 'ਚ ਦਾਖਲ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਦੇ ਸੁਧਾਰ ਤੇ ਪ੍ਰਚਾਰ, ਬਾਣੀ ਰਚਨਾ ਅਤੇ ਸਿੱਖੀ-ਪ੍ਰਚਾਰ ਬਾਰੇ ਚਿੱਤਰਾਂ ਦੇ ਹਵਾਲੇ ਨਾਲ ਗਿਆਨ ਵਿੱਚ ਵਾਧਾ ਹੁੰਦਾ ਹੈ। ਇਸ ਗੈਲਰੀ 'ਚੋਂ ਤੀਸਰੇ ਗੁਰੂ ਅਮਰਦਾਸ ਜੀ ਦੁਆਰਾ 22 ਮੰਜੀਆਂ ਦੀ ਸਥਾਪਨਾ, ਲੰਗਰ-ਪ੍ਰਥਾ ਦੀ ਰਵਾਇਤ, ਇਸਤਰੀ ਦੀ ਦਸ਼ਾ 'ਚ ਸੁਧਾਰ ਲਈ ਯਤਨ, ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ ਬਾਉਲੀ ਦਾ ਨਿਰਮਾਣ, ਅੰਧ-ਵਿਸ਼ਵਾਸ ਤੇ ਜਾਤ-ਪਾਤ ਦਾ ਵਿਰੋਧ ਆਦਿ ਬਾਰੇ ਕੀਮਤੀ ਗਿਆਨ ਇਕੱਠਾ ਕੀਤਾ ਜਾ ਸਕਦਾ ਹੈ। ਪੰਜ ਪੱਤੀ ਇਮਾਰਤ ਦੀ ਸੱਤਵੀਂ ਗੈਲਰੀ ਚੌਥੇ ਸਿੱਖ ਸ੍ਰੀ ਗੁਰੂ ਰਾਮਦਾਸ ਜੀ ਨਾਲ ਸੰਬੰਧਤ ਹੈ।

**1. ਪੰਜ ਫੁੱਲ-ਪੱਤੀ ਇਮਾਰਤ ਦੀ ਚੌਥੀ ਗੈਲਰੀ ਵਿਚ ਕਿਸ ਗੁਰੂ ਸਾਹਿਬ ਦੇ ਜੀਵਨ ਬਾਰੇ ਜਾਣਕਾਰੀ ਮਿਲਦੀ ਹੈ?**

ੳ ਸ੍ਰੀ ਗੁਰੂ ਅੰਗਦ ਦੇਵ ਜੀ  ਅ. ਸ੍ਰੀ ਗੁਰੂ ਨਾਨਕ ਦੇਵ ਜੀ
ੲ. ਸ੍ਰੀ ਗੁਰੂ ਅਮਰਦਾਸ ਜੀ  ਸ. ਸ੍ਰੀ ਗੁਰੂ ਰਾਮਦਾਸ ਜੀ

**2. ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਕਿਸ ਗੈਲਰੀ ਵਿੱਚ ਜਾਣਕਾਰੀ ਮਿਲਦੀ ਹੈ ?**

ੳ. ਛੇਵੀਂ  ਅ. ਪੰਜਵੀਂ  ੲ. ਚੌਥੀ  ਸ.ਸੱਤਵੀਂ

**3. ਗੁਰਮੁਖੀ ਲਿਪੀ ਦਾ ਪ੍ਰਸਾਰ ਤੇ ਪ੍ਰਚਾਰ ਸਭ ਤੋਂ ਵੱਧ ਕਿਸ ਗੁਰੂ ਸਾਹਿਬ ਨੇ ਕੀਤਾ?**

ੳ. ਸ੍ਰੀ ਗੁਰੂ ਰਾਮਦਾਸ ਜੀ  ਅ. ਸ੍ਰੀ ਗੁਰੂ ਨਾਨਕ ਦੇਵ ਜੀ
ੲ. ਸ੍ਰੀ ਗੁਰੂ ਅਮਰਦਾਸ ਜੀ  ਸ. ਸ੍ਰੀ ਗੁਰੂ ਅੰਗਦ ਦੇਵ ਜੀ

**4. ਤੀਸਰੇ ਗੁਰੂ ਅਮਰਦਾਸ ਨੇ ਬਾਉਲੀ ਦਾ ਨਿਰਮਾਣ ਕਿਸ ਸ਼ਹਿਰ ਵਿੱਚ ਕੀਤਾ?**

ੳ. ਕਰਤਾਰਪੁਰ ਸਾਹਿਬ  ਅ. ਅਚਲ ਬਟਾਲੇ  ੲ.ਪਾਕਪਟਨ  ਸ. ਗੋਇੰਦਵਾਲ ਸਾਹਿਬ

**5. ਸਿੱਖ ਧਰਮ ਦੇ ਚੌਥੇ ਗੁਰੂ ਸਾਹਿਬ ਦਾ ਨਾਮ ਦੱਸੋ।**

ੳ. ਸ੍ਰੀ ਗੁਰੂ ਰਾਮਦਾਸ ਜੀ  ਅ. ਸ੍ਰੀ ਗੁਰੂ ਨਾਨਕ ਦੇਵ ਜੀ
ੲ ਸ੍ਰੀ ਗੁਰੂ ਅੰਗਦ ਦੇਵ ਜੀ  ਸ. ਸ੍ਰੀ ਗੁਰੂ ਅਮਰਦਾਸ ਜੀ

**6."ਗੁਰੂ ਰਾਮਦਾਸ ਜੀ ਨੇ ਬਾਈ (22) ਮੰਜੀਆਂ ਦੀ ਸਥਾਪਨਾ ਕੀਤੀ!" ਵਾਕ ਵਿੱਚੋਂ ਵਿਸ਼ੇਸ਼ਣ ਲੱਭੋ।**

**7. ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਜਾਤ-ਪਾਤ ਦਾ .......... ਕਰਨ ਦੀ ਸਿੱਖਿਆ ਦਿੱਤੀ।**

**ਉੱਤਰ-ਕੁੰਜੀ**

1. ਅ 2. ੳ 3. ਸ 4. ਸ 5. ੳ 6. ਬਾਈ (22) 7. ਵਿਰੋਧ

## 6. ਹੇਠਾਂ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ:

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦੀ ਉਸਾਰੀ, ਸ੍ਰੀ ਆਦਿ-ਗ੍ਰੰਥ ਦਾ ਸੰਕਲਨ ਦਰਬਾਰ ਸਾਹਿਬ ਵਿਖੇ ਬਾਬਾ ਬੁੱਢਾ ਜੀ ਦੁਆਰਾ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਆਦਿ ਮਹੱਤਵਪੂਰਨ ਵੇਰਵੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਅੱਠਵੀਂ ਗੈਲਰੀ 'ਚੋਂ ਦੇਖੇ ਜਾ ਸਕਦੇ ਹਨ। ਵਿਰਾਸਤ-ਏ-ਖ਼ਾਲਸਾ ਦੀ ਨੌਵੀਂ ਗੈਲਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਪ੍ਰਤੀਕ ਤੱਤੀ ਤਵੀ ਨੂੰ ਦਰਸਾਉਂਦੀ ਹੈ। ਇਹ ਗੈਲਰੀ ਕਿਸੇ ਵੀ ਇਮਾਰਤ ਦੇ ਅੰਦਰ ਨਹੀਂ ਸਗੋਂ ਇਸ ਦਾ ਨਿਰਮਾਣ ਬਾਹਰ ਛੱਤ ਤੇ ਖੁੱਲ੍ਹੀ, ਢੁਕਵੀਂ ਥਾਂ 'ਤੇ ਕੀਤਾ ਗਿਆ ਹੈ। ਇੱਥੇ ਤਵੀ ਦੇ ਕੋਲ ਖੜ੍ਹ ਕੇ ਕਿਸ਼ਤੀ-ਇਮਾਰਤ ਦੀ ਛੱਤ ਉੱਪਰ ਰੋਕੇ ਪਾਣੀ 'ਚੋਂ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਝਲਕ ਸਾਫ਼ ਵੇਖੀ ਜਾ ਸਕਦੀ ਹੈ। ਦਸਵੀਂ ਗੈਲਰੀ ਦੇ ਨਿਰਮਾਣ ਵੱਡੀਆਂ ਪੌੜੀਆਂ ਕੋਲ ਕੀਤਾ ਗਿਆ ਹੈ, ਜਿੱਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੁਆਰਾ ਧਾਰਨ ਕੀਤੀਆਂ ਮੀਰੀ-ਪੀਰੀ ਦੀਆਂ ਪ੍ਰਤੀਕ ਦੋ ਲੰਮੀਆਂ ਤਲਵਾਰਾਂ ਵੇਖੀਆਂ ਜਾ ਸਕਦੀਆਂ ਹਨ।

**1. ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਿਸ ਨੇ ਕੀਤਾ?**

ੳ ਸ੍ਰੀ ਗੁਰੂ ਅਰਜਨ ਦੇਵ ਜੀ  ਅ. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ੲ. ਬਾਬਾ ਬੁੱਢਾ ਸਾਹਿਬ ਜੀ  ਸ. ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ

**2. ਕਿਸ ਗੈਲਰੀ ਦੀ ਇਮਾਰਤ ਅੰਦਰ ਨਹੀਂ ਸਗੋਂ ਬਾਹਰ ਛੱਤ 'ਤੇ ਖੁੱਲ੍ਹੀ ਜਗ੍ਹਾ ਵਿੱਚ ਹੈ ?**

ੳ. ਨੌਵੀਂ  ਅ. ਦਸਵੀਂ  ੲ. ਅੱਠਵੀਂ  ਸ.ਬਾਰ੍ਹਵੀਂ

**3. ਅਕਾਲ ਤਖ਼ਤ ਸਾਹਿਬ ਦਾ ਨਿਰਮਾਣ ਕਿਸ ਗੁਰੂ ਸਾਹਿਬ ਨੇ ਕਰਾਇਆ?**

ੳ. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ  ਅ. ਸ੍ਰੀ ਗੁਰੂ ਅਰਜਨ ਦੇਵ ਜੀ
ੲ. ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ  ਸ. ਸ੍ਰੀ ਗੁਰੂ ਹਰ ਰਾਇ ਜੀ

**4. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸੰਬੰਧਤ ਕਿਹੜੀ ਗੈਲਰੀ ਹੈ ?**

ੳ. ਅੱਠਵੀਂ  ਅ. ਨੌਵੀਂ  ੲ. ਦਸਵੀਂ  ਸ. ਗਿਆਰ੍ਹਵੀਂ

**5. 'ਇਮਾਰਤ' ਕਿਸ ਕਿਸਮ ਦਾ ਨਾਂਵ ਹੈ?**

ੳ. ਇਕੱਠਵਾਚਕ ਨਾਂਵ  ਅ. ਖ਼ਾਸ ਨਾਂਵ  ੲ. ਆਮ ਨਾਂਵ  ਸ. ਭਾਵ-ਵਾਚਕ ਨਾਂਵ

**6. ਦਰਬਾਰ ਸਾਹਿਬ ......... ਵਿਖੇ ਹੈ।**

**ਉੱਤਰ-ਕੁੰਜੀ**

1. ਬਾਬਾ ਬੁੱਢਾ ਸਾਹਿਬ ਜੀ  2. ਨੌਵੀਂ  3. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
4. ਦਸਵੀਂ  5. ਆਮ ਨਾਂਵ  6. ਸ੍ਰੀ ਅੰਮ੍ਰਿਤਸਰ ਸਾਹਿਬ


**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ ਡੀ.ਐੱਮ. ਪੰਜਾਬੀ)**
**ਸਕੂਲ ਸਿੱਖਿਆ ਵਿਭਾਗ ਪੰਜਾਬ।**